# ਸਵੈ-ਸੇਧ ਲਈ ਗਾਈਡ ਬੁੱਕ

## ਪੰਜਾਬੀ



LEGISLATIVE ASSEMBLY
*of* BRITISH COLUMBIA




ਪਾਰਲੀਮੈਂਟ ਦੀਆਂ ਬਿਲਡਿੰਗਾਂ ਵਿਚ ਤੁਹਾਡਾ ਸੁਆਗਤ ਹੈ, ਜੋ ਕਿ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦਾ ਘਰ ਹੈ ਜਿੱਥੇ ਚੁਣੇ ਹੋਏ ਨੁਮਾਇੰਦੇ – ਜਿਨ੍ਹਾਂ ਨੂੰ ਮੈਂਬਰਜ਼ ਔਫ ਦਿ ਲੈਜਸਲੇਟਿਵ ਅਸੈਂਬਲੀ ਜਾਂ ਐੱਮ ਐੱਲ ਏਜ਼ ਕਿਹਾ ਜਾਂਦਾ ਹੈ – ਬ੍ਰਿਟਿਸ਼ ਕੋਲੰਬੀਆ ਨੂੰ ਚਲਾਉਣ ਵਾਲੇ ਕਾਨੂੰਨਾਂ ’ਤੇ ਬਹਿਸ ਕਰਕੇ ਅਤੇ ਇਨ੍ਹਾਂ ਨੂੰ ਪਾਸ ਕਰਕੇ ਸੂਬੇ ਦੇ ਭਵਿੱਖ ਨੂੰ ਰੂਪ ਦੇਣ ਲਈ ਮਿਲਦੇ ਹਨ।

ਪਾਰਲੀਮੈਂਟ ਬਿਲਡਿੰਗਾਂ ਅਤੇ ਆਲੇ–ਦੁਆਲੇ ਦੇ ਏਰੀਏ Lekwungen (ਜਿਸ ਨੂੰ Le-KWUNG-en ਬੋਲਿਆ ਜਾਂਦਾ ਹੈ) ਬੋਲਣ ਵਾਲੇ ਲੋਕਾਂ ਦੇ ਰਵਾਇਤੀ ਇਲਾਕਿਆਂ ’ਤੇ ਸਥਿਤ ਹਨ। ਹੁਣ ਸੋਂਘੀਸ ਅਤੇ ਐਸਕੁਇਮਾਲਟ ਨੇਸ਼ਨਜ਼ ਦੇ ਨਾਂ ਨਾਲ ਜਾਣੇ ਜਾਂਦੇ ਇਨ੍ਹਾਂ ਕੋਸਟ ਸੈਲਿਸ਼ ਲੋਕਾਂ ਦਾ ਹਜ਼ਾਰਾਂ ਸਾਲ ਪੁਰਾਣਾ ਸ਼ਾਨਦਾਰ ਸਭਿਆਚਾਰ ਅਤੇ ਇਤਿਹਾਸ ਹੈ।

ਸਾਨੂੰ ਆਸ ਹੈ ਕਿ ਤੁਸੀਂ ਆਪਣੀ ਫੇਰੀ ਦਾ ਆਨੰਦ ਮਾਣੋਗੇ।

## ਹੇਠਲੀ ਫਲੋਰ

ਇਸ ਫਲੋਰ ਤੱਕ ਜਾਣ ਲਈ ਵਿਜ਼ਟਰ ਪਾਸ ਦੀ ਲੋੜ ਹੈ।
ਕਿਰਪਾ ਕਰਕੇ ਮਦਦ ਲਈ ਪੁੱਛੋ।

- ਪਾਰਲੀਮੈਂਟਰੀ ਡਾਈਨਿੰਗ ਰੂਮ
  (ਰਿਜ਼ਰਵੇਸ਼ਨ ਲਈ 250.387.3959 ’ਤੇ ਫੋਨ ਕਰੋ)
- ਪਹੁੰਚਯੋਗ ਅੰਦਰ ਆਉਣ/ਬਾਹਰ ਜਾਣ ਦਾ ਰਸਤਾ

## ਮੁੱਖ ਫਲੋਰ

- ਟੂਰ ਡੈਸਕ
- ਸਕਿਉਰਟੀ ਰਿਸੈਪਸ਼ਨ
- ਪਾਰਲੀਮੈਂਟਰੀ ਗਿਫਟ ਸ਼ੌਪ
- ਲੋਕਾਂ ਲਈ ਵਾਸ਼ਰੂਮ
- ਪਾਣੀ ਦਾ ਫੁਹਾਰਾ

## ਦੂਜੀ ਫਲੋਰ

- ਪਹੁੰਚਯੋਗ ਅਤੇ ਲਿੰਗ-ਨਿਰਪੱਖ ਵਾਸ਼ਰੂਮ, ਚੇਂਜ ਟੇਬਲ ਨਾਲ

## ਤੀਜੀ ਫਲੋਰ

ਇਹ ਫਲੋਰ ਸਿਰਫ ਓਦੋਂ ਹੀ ਖੁੱਲ੍ਹਦੀ ਹੈ ਜਦੋਂ ਵਿਧਾਨ ਸਭਾ ਦੀ ਕਾਰਵਾਈ ਚੱਲ ਰਹੀ ਹੁੰਦੀ ਹੈ।

- ਪਬਲਿਕ ਗੈਲਰੀ

### ਜੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਾਡੇ ਸਟਾਫ ਦੇ ਕਿਸੇ ਮੈਂਬਰ ਨੂੰ ਪੁੱਛੋ।

- ਸੁਰੱਖਿਆ ਸੇਵਾਵਾਂ (ਪ੍ਰੋਟੈਕਟਿਵ ਸਰਵਿਸਿਜ਼) ਦਾ ਸਟਾਫ ਫਸਟ ਏਡ ਵਿਚ ਟਰੇਂਡ ਹੈ।
- ਗੁਆਚੀਆਂ ਅਤੇ ਲੱਭੀਆਂ ਚੀਜ਼ਾਂ ਲਈ ਦਫਤਰ ਸਕਿਉਰਟੀ ਰਿਸੈਪਸ਼ਨ ’ਤੇ ਹੈ।
- ਵਿਜ਼ਟਰਾਂ ਦੀ ਵਰਤੋਂ ਲਈ ਵੀਲਚੇਅਰਾਂ ਉਪਲਬਧ ਹਨ।

# ਮੁੱਖ ਫਲੋਰ




## 1 ਹੇਠਲਾ ਗੁੰਬਦ

ਹੇਠਲੇ ਗੁੰਬਦ ਤੋਂ, ਮੁੱਖ ਗੁੰਬਦ (ਡੋਮ) ਦਾ ਅੰਦਰੂਨੀ ਹਿੱਸਾ 30.5 ਮੀਟਰ (100 ਫੁੱਟ) ਦੀ ਉਚਾਈ ਤੱਕ ਜਾਂਦਾ ਹੈ। ਗੁੰਬਦ ਦੇ ਉੱਪਰ ਕੈਪਟਨ ਜੌਰਜ ਵੈਨਕੂਵਰ ਦਾ ਦੋ ਮੀਟਰ ਉੱਚਾ ਬੁੱਤ ਹੈ। ਇਹ ਬੁੱਤ ਤਾਂਬੇ ਦਾ ਬਣਿਆ ਹੋਇਆ ਹੈ ਅਤੇ ਇਹ 14 ਕੈਰਟ ਸੋਨੇ ਨਾਲ ਮੜ੍ਹਿਆ ਹੋਇਆ ਹੈ।

ਕਮਰੇ ਦੇ ਕੇਂਦਰ ਵਿਚ ਹੱਥ ਨਾਲ ਰੰਗੇ ਕੱਚ ਅਤੇ ਪੱਥਰ ਦੇ ਟੁਕੜਿਆਂ ਨਾਲ ਬਣਾਇਆ ਗਿਆ ਇਕ ਮੌਲਿਕ ਇਟਾਲੀਅਨ ਚਿੱਤਰ ਹੈ। ਇਸ ਚਿੱਤਰ 'ਤੇ *Shxwtitostel* (ਜਿਸ ਨੂੰ Schwe-tea-tos-tel ਬੋਲਿਆ ਜਾਂਦਾ ਹੈ) ਰੱਖਿਆ ਗਿਆ ਹੈ, ਜੋ ਕਿ ਇਕ ਰਵਾਇਤੀ ਇਨਲੈਂਡ ਰਿਵਰ ਕੈਨੂ ਬੇੜੀ ਹੈ, ਜੋ ਕਿ ਮਾਣਯੋਗ ਸਟੀਵਨ ਪੋਆਇੰਟ, ਬ੍ਰਿਟਿਸ਼ ਕੋਲੰਬੀਆ ਦੇ 28ਵੇਂ ਲੈਫਟੀਨੈਂਟ ਗਵਰਨਰ, ਅਤੇ ਚੀਫ ਟੋਨੀ ਹੰਟ, KwaGulth ਦੇ ਜੱਦੀ ਚੀਫ ਅਤੇ ਮਾਸਟਰ ਮੂਰਤੀਕਾਰ ਨੇ ਘੜਿਆ ਹੈ। *Shxwtitostel* ਦਾ Halq'eméylem ਵਿਚ ਮਤਲਬ ਹੈ "ਦਰਿਆ ਪਾਰ ਕਰਨ ਲਈ ਇਕ ਸੁਰੱਖਿਅਤ ਥਾਂ" ਅਤੇ ਇਹ ਲੋਕਾਂ ਵਿਚਕਾਰ ਪੁਲ ਦੀ ਨੁਮਾਇੰਦਗੀ ਕਰਦਾ ਹੈ।






## 2 ਹਾਲ ਔਫ ਔਨਰ

ਹਾਲ ਔਫ ਔਨਰ (ਸਨਮਾਨ ਹਾਲ) ਦੀ ਵਰਤੋਂ ਸਾਲ ਭਰ ਸਮਾਗਮ, ਰਿਸੈਪਸ਼ਨਾਂ ਅਤੇ ਸਰਕਾਰੀ ਐਲਾਨ ਕਰਨ ਲਈ ਕੀਤੀ ਜਾਂਦੀ ਹੈ। ਇਸ ਕਮਰੇ ਵਿਚ ਨੇਮ ਨਾਲ ਖਾਸ ਪ੍ਰਦਰਸ਼ਨੀਆਂ ਅਤੇ ਨੁਮਾਇਸ਼ਾਂ ਵੀ ਲਗਾਈਆਂ ਜਾਂਦੀਆਂ ਹਨ।




## 3 ਡਾਇਮੰਡ ਜੁਬਲੀ ਵਿੰਡੋ

ਇਹ ਵਿੰਡੋ (ਖਿੜਕੀ) 1897 ਵਿਚ ਮਹਾਰਾਣੀ ਵਿਕਟੋਰੀਆ ਦੇ ਰਾਜ ਦੇ 60ਵੇਂ ਸਾਲ ਲਈ ਬਣਵਾਈ ਗਈ ਸੀ। ਇਹ ਯੂ.ਕੇ. ਦੇ ਸ਼ਹਿਰ ਲੀਡਜ਼ ਦੀ ਪੌਵਲ ਬਰਦਰਜ਼ ਲਿਮਟਿਡ ਕੰਪਨੀ ਵਲੋਂ ਬਣਾਈ ਗਈ ਸੀ, ਜਿਸ ਨੇ ਪਾਰਲੀਮੈਂਟ ਬਿਲਡਿੰਗਾਂ ਦੀਆਂ ਪੌੜੀਆਂ ਅਤੇ ਜਨਤਕ ਥਾਂਵਾਂ ਵਿਚ ਹੋਰ ਬਹੁਤ ਸਾਰੀਆਂ ਖਿੜਕੀਆਂ ਵੀ ਬਣਾਈਆਂ ਸਨ।



## 4 ਗੋਲਡਨ ਜੁਬਲੀ ਵਿੰਡੋ

ਇਹ ਵਿੰਡੋ (ਖਿੜਕੀ) 2002 ਵਿਚ ਮਹਾਰਾਣੀ ਐਲਿਜ਼ਾਬੈਥ ਦੂਜੀ ਦੇ ਰਾਜ ਦੇ 50ਵੇਂ ਸਾਲ ਦੀ ਯਾਦ ਵਿਚ ਬਣਾਈ ਗਈ ਸੀ। ਇਹ ਦੋ ਸਥਾਨਕ ਕਾਰੀਗਰਾਂ, ਐਡਵਰਡ ਸ਼ੇਪਰ ਅਤੇ ਥੌਮਸ ਮਰਸਰ ਵਲੋਂ ਬਣਾਈ ਗਈ ਸੀ, ਅਤੇ ਇਸ ਵਿਚ ਸੂਬੇ ਦੇ ਕਈ ਪ੍ਰਤੀਕ ਦਿਖਾਏ ਗਏ ਹਨ ਜਿਨ੍ਹਾਂ ਵਿਚ ਸੂਬਾਈ ਪੰਛੀ (ਸਟੈਲਰਜ਼ ਜੇਅ), ਸੂਬਾਈ ਮੱਛੀ (ਪੈਸੀਫਿਕ ਸੈਮਨ), ਅਤੇ ਸੂਬਾਈ ਹੀਰਾ (ਜੇਡ) ਸ਼ਾਮਲ ਹਨ।

# ਦੂਜੀ ਫਲੋਰ




## 5 ਯਾਦਗਾਰੀ ਗੁੰਬਦ

ਯਾਦਗਾਰੀ ਗੁੰਬਦ ਉਨ੍ਹਾਂ ਬ੍ਰਿਟਿਸ਼ ਕੋਲੰਬੀਅਨਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਕੈਨੇਡਾ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਇਸ ਦੇ ਉੱਪਰ ਬੀ.ਸੀ. ਅਤੇ ਕੈਨੇਡਾ ਦੇ ਝੰਡਿਆਂ ਦੇ ਨਾਲ ਨਾਲ, ਵਾਈਟ ਐਨਸਾਈਨ ਅਤੇ ਕਿੰਗਜ਼ ਕਲਰ ਦਿਖਾਏ ਗਏ ਹਨ।



ਕੰਧਾਂ 'ਤੇ ਟੈਨੇਸੀ ਸੰਗਮਰਮਰ ਲੱਗਾ ਹੋਇਆ ਹੈ ਅਤੇ ਇਸ ਨੂੰ 23 ਕੈਰਟ ਦੇ ਸੋਨੇ ਦੇ ਪੱਤਰੇ ਨਾਲ ਸਜਾਇਆ ਗਿਆ ਹੈ। ਟੈਰਾਜ਼ੋ ਫਰਸ਼ ਇਟਲੀ ਤੋਂ ਆਏ ਸੰਗਮਰਮਰ ਅਤੇ ਗ੍ਰੇਨਾਈਟ ਦੇ ਟੁਕੜਿਆਂ ਤੋਂ ਬਣਾਇਆ ਗਿਆ ਹੈ।

ਸੀਲਿੰਗ 'ਤੇ ਪੇਂਟਿੰਗਜ਼ ਹਨ ਜਿਹੜੀਆਂ ਬ੍ਰਿਟਿਸ਼ ਕੋਲੰਬੀਆ ਵਿਚ ਇਤਿਹਾਸਕ ਮਹੱਤਵ ਵਾਲੀਆਂ ਇੰਡਸਟਰੀਆਂ ਦੀ ਨੁਮਾਇੰਦਗੀ ਕਰਦੀਆਂ ਹਨ: ਖੇਤੀਬਾੜੀ, ਫਿਸ਼ਿੰਗ, ਜੰਗਲਾਤ, ਅਤੇ ਮਾਈਨਿੰਗ। ਸਾਲ 1935 ਵਿਚ ਜੌਰਜ ਸਾਊਥਵੈੱਲ ਵਲੋਂ ਚਿੱਤਰੀਆਂ ਗਈਆਂ ਇਹ ਪੇਂਟਿੰਗਜ਼ 1952 ਤੱਕ ਲਗਾਈਆਂ ਨਹੀਂ ਗਈਆਂ ਸਨ।

## 6 ਸਮਾਰੋਹ ਲਈ ਇੰਟਰੈਂਸ

ਸਮਾਰੋਹ ਲਈ ਇੰਟਰੈਂਸ ਦੀ ਵਰਤੋਂ ਹਰ ਸਾਲ ਲੈਫਟੀਨੈਂਟ ਗਵਰਨਰ ਵਲੋਂ ਕੀਤੀ ਜਾਂਦੀ ਹੈ, ਜੋ ਕਿ ਬ੍ਰਿਟਿਸ਼ ਕੋਲੰਬੀਆ ਵਿਚ ਰਾਜੇ ਦਾ ਨੁਮਾਇੰਦਾ ਹੁੰਦਾ ਹੈ, ਜਦੋਂ ਉਹ ਪਾਰਲੀਮੈਂਟ ਦੇ ਨਵੇਂ ਸੈਸ਼ਨ ਨੂੰ ਖੋਲ੍ਹਣ ਲਈ ਆਉਂਦਾ ਹੈ। ਇਸ ਦੀ ਵਰਤੋਂ ਖਾਸ ਮੌਕਿਆਂ ਲਈ ਵੀ ਕੀਤੀ ਜਾਂਦੀ ਹੈ, ਜਿਵੇਂ ਕਿ 1998 ਵਿਚ, ਜਦੋਂ ਚੀਫ ਜੌਸਫ ਗੋਸਨਲ *ਨਿਸਗਾ ਦੇ ਫਾਈਨਲ ਐਗਰੀਮੈਂਟ ਐਕਟ* ’ਤੇ ਬਹਿਸ ਦੌਰਾਨ ਵਿਧਾਨ ਸਭਾ ਨੂੰ ਸੰਬੋਧਨ ਕਰਨ ਲਈ ਆਏ ਸਨ।



## 7 ਮੈਂਬਰਾਂ ਦੀ ਲਾਬੀ

ਰੋਗਨ ਕੀਤੇ ਹੋਏ ਪਿੱਤਲ ਦੇ “ਸੁਨਿਹਰੀ ਗੇਟ” ਮੈਂਬਰਾਂ ਦੀ ਲਾਬੀ ਅਤੇ ਵਿਧਾਨ ਸਭਾ ਦੇ ਚੈਂਬਰ ਵਿਚ ਦਾਖਲ ਹੋਣ ਵਾਲੇ ਦਰਵਾਜ਼ੇ ਵੱਲ ਜਾਂਦੇ ਹਨ। ਕੰਧਾਂ ’ਤੇ ਲੱਗੀਆਂ ਤਖਤੀਆਂ ’ਤੇ 1871 ਵਿਚ ਬੀ.ਸੀ. ਦੇ ਕੈਨੇਡਾ ਦਾ ਸੂਬਾ ਬਣਨ ਤੋਂ ਬਾਅਦ ਬਣਨ ਵਾਲੇ ਸਾਰੇ ਐੱਮ ਐੱਲ ਏਜ਼ ਦੇ ਨਾਂ ਦਿਖਾਏ ਗਏ ਹਨ।



## 8 ਵਿਧਾਨ ਸਭਾ ਚੈਂਬਰ



ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿਚ ਵਿਧਾਨ ਸਭਾ ਦੇ 93 ਮੈਂਬਰ (ਐੱਮ ਐੱਲ ਏਜ਼) ਹੁੰਦੇ ਹਨ, ਜੋ ਕਿ ਸੂਬੇ ਭਰ ਦੇ 93 ਚੋਣ ਹਲਕਿਆਂ ਤੋਂ ਚੁਣੇ ਜਾਂਦੇ ਹਨ। ਚੋਣਾਂ ਹਰ ਚਾਰ ਸਾਲਾਂ ਬਾਅਦ ਅਕਤੂਬਰ ਵਿਚ ਤੀਜੇ ਛਨਿਚਰਵਾਰ ਨੂੰ ਹੁੰਦੀਆਂ ਹਨ।

ਐੱਮ ਐੱਲ ਏਜ਼ ਤਜਵੀਜ਼ਸ਼ੁਦਾ ਕਾਨੂੰਨਾਂ ਦਾ ਅਧਿਐਨ ਕਰਕੇ, ਉਨ੍ਹਾਂ 'ਤੇ ਬਹਿਸ ਕਰਕੇ ਅਤੇ ਵੋਟ ਪਾ ਕੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਤਰਫੋਂ ਕੰਮ ਕਰਦੇ ਹਨ। ਉਹ ਸਰਕਾਰ ਦੇ ਸਲਾਨਾ ਖਰਚਿਆਂ ਦੀਆਂ ਤਜਵੀਜ਼ਾਂ ਦੀ ਛਾਣਬੀਣ ਕਰਦੇ ਹਨ ਅਤੇ ਮਨਜ਼ੂਰੀ ਦਿੰਦੇ ਹਨ ਅਤੇ ਸਰਕਾਰ ਦੀਆਂ ਪਲੈਨਾਂ ਅਤੇ ਸਰਗਰਮੀਆਂ ਬਾਰੇ ਸਵਾਲ ਪੁੱਛਦੇ ਹਨ। ਐੱਮ ਐੱਲ ਏਜ਼ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਕੇ, ਫਿਕਰ ਵਾਲੇ ਸਥਾਨਕ ਮੁੱਦੇ ਉਠਾ ਕੇ, ਅਤੇ ਆਪਣੇ ਹਲਕੇ ਦੇ ਲੋਕਾਂ ਦੀ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਵਿਚ ਮਦਦ ਕਰਕੇ, ਲੋਕਾਂ ਅਤੇ ਸਰਕਾਰ ਵਿਚਕਾਰ ਇਕ ਮਹੱਤਵਪੂਰਨ ਕੜੀ ਦੇ ਰੂਪ ਵਿਚ ਵੀ ਕੰਮ ਕਰਦੇ ਹਨ।

ਜਦੋਂ ਵੀ ਵਿਧਾਨ ਸਭਾ ਬੈਠੀ ਹੁੰਦੀ ਹੈ, ਵਿਜ਼ਟਰਾਂ ਨੂੰ ਪਬਲਿਕ ਗੈਲਰੀ ਤੋਂ ਕਾਰਵਾਈ ਦੇਖਣ ਦਾ ਸੱਦਾ ਦਿੱਤਾ ਜਾਂਦਾ ਹੈ। ਜਿਹੜੇ ਲੋਕ ਆਪ ਨਹੀਂ ਆ ਸਕਦੇ, ਉਹ ਇਸ ਨੂੰ ਔਨਲਾਈਨ, ਟੈਲੀਵਿਜ਼ਨ 'ਤੇ ਦੇਖ ਸਕਦੇ ਹਨ ਜਾਂ ਸ਼ਬਦ-ਦਰ-ਸ਼ਬਦ ਪੂਰੀਆਂ ਲਿਖਤਾਂ ਪੜ੍ਹ ਸਕਦੇ ਹਨ।



## ਮੇਸ (ਗੁਰਜ)

ਮੇਸ (ਗੁਰਜ) ਵਿਧਾਨ ਸਭਾ ਦੇ ਅਧਿਕਾਰ ਦੇ ਨਿਸ਼ਾਨ ਵਜੋਂ ਕੰਮ ਕਰਦੀ ਹੈ ਅਤੇ ਸਭਾ ਦੇ ਕੰਮਕਾਜ ਨੂੰ ਚਲਾਉਣ ਲਈ ਇਸ ਦਾ ਕਲਰਕ ਦੇ ਮੇਜ਼ 'ਤੇ ਹੋਣਾ ਜ਼ਰੂਰੀ ਹੈ। ਮੌਜੂਦਾ ਮੇਸ, ਜੋ ਸੂਬੇ ਦੇ ਇਤਿਹਾਸ ਵਿਚ ਤੀਜੀ ਹੈ, 1954 ਤੋਂ ਵਰਤੋਂ ਵਿਚ ਹੈ ਅਤੇ ਬੀ.ਸੀ. ਦੀ ਚਾਂਦੀ ਤੋਂ ਬਣੀ ਹੋਈ ਹੈ ਅਤੇ ਇਹ 24 ਕੈਰਟ ਦੇ ਸੋਨੇ ਨਾਲ ਮੜ੍ਹੀ ਹੋਈ ਹੈ।

## ਮੈਂਬਰਾਂ ਦੇ ਡੈਸਕ

ਚੈਂਬਰ ਫਰਸ਼ ਦੇ ਦੋਵੇਂ ਪਾਸੇ ਡੈਸਕਾਂ ਦੀਆਂ ਕਤਾਰਾਂ ਵਿਚ ਵੰਡਿਆ ਹੋਇਆ ਹੈ। ਰਵਾਇਤੀ ਤੌਰ 'ਤੇ, ਸਰਕਾਰ ਸਪੀਕਰ ਦੇ ਸੱਜੇ ਪਾਸੇ ਬੈਠਦੀ ਹੈ ਅਤੇ ਵਿਰੋਧੀ ਧਿਰਾਂ ਸਪੀਕਰ ਦੇ ਖੱਬੇ ਪਾਸੇ ਬੈਠਦੀਆਂ ਹਨ। ਸਰਕਾਰਾਂ ਉਸ ਰਾਜਨੀਤਕ ਪਾਰਟੀ ਦੀਆਂ ਬਣਦੀਆਂ ਹਨ ਜਿਸ ਕੋਲ ਬਹੁਗਿਣਤੀ ਐੱਮ ਐੱਲ ਏਜ਼ ਦੀ ਹਿਮਾਇਤ ਹੁੰਦੀ ਹੈ। ਉਸ ਪਾਰਟੀ ਦੇ ਨੇਤਾ ਨੂੰ ਪ੍ਰੀਮੀਅਰ ਵਜੋਂ ਸੇਵਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਅਤੇ ਉਹ ਸੂਬਾਈ ਸਰਕਾਰ ਦਾ ਮੁਖੀ ਹੁੰਦਾ ਹੈ।

## ਟਾਕਿੰਗ ਸਟਿੱਕ

ਟਾਕਿੰਗ ਸਟਿੱਕ (ਬੋਲਦੀ ਸੋਟੀ) ਸੋਂਘੀਸ ਨੇਸ਼ਨ ਦੇ ਜੇਮਜ਼ ਡੇਲੋਰਮ ਵਲੋਂ ਘੜੀ ਗਈ ਸੀ ਅਤੇ ਇਹ 2016 ਵਿਚ ਇਕ ਖਾਸ ਸ਼ੁਭ ਕਾਮਨਾ ਸਮਾਰੋਹ ਵਿਚ ਵਿਧਾਨ ਸਭਾ ਦੇ ਸਪੀਕਰ ਨੂੰ ਪੇਸ਼ ਕੀਤੀ ਗਈ ਸੀ। ਚੈਂਬਰ ਵਿਚ ਇਸ ਦੀ ਮੌਜੂਦਗੀ ਸੁਲ੍ਹਾ-ਸਫਾਈ ਦੇ ਚੱਲ ਰਹੇ ਕਾਰਜ ਵਿਚ ਸਤਿਕਾਰਯੋਗ ਗੱਲਬਾਤ ਦੀ ਲੋੜ ਦੀ ਯਾਦ ਦਿਵਾਉਂਦੀ ਹੈ।





## ਸਪੀਕਰ ਦੀ ਕੁਰਸੀ

ਸਪੀਕਰ ਇਕ ਐੱਮ ਐੱਲ ਏ ਹੁੰਦਾ ਹੈ ਜੋ ਹੋਰ ਐੱਮ ਐੱਲ ਏਜ਼ ਵਲੋਂ ਬਹਿਸਾਂ ਦੀ ਪ੍ਰਧਾਨਗੀ ਕਰਨ ਲਈ ਚੁਣਿਆ ਜਾਂਦਾ ਹੈ। ਸਪੀਕਰ ਨਿਰਪੱਖ ਹੁੰਦਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਕਿ ਸਾਰੇ ਐੱਮ ਐੱਲ ਏਜ਼ ਨਾਲ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧ ਰੱਖਦੇ ਹੋਣ, ਵਾਜਬ ਅਤੇ ਨਿਰਪੱਖਤਾ ਨਾਲ ਵਰਤਾਉ ਹੋਵੇ।

# ਪ੍ਰਾਪਰਟੀ ਦਾ ਇਤਿਹਾਸ

ਪਾਰਲੀਮੈਂਟ ਦੀਆਂ ਬਿਲਡਿੰਗਾਂ ਅਤੇ ਆਲੇ ਦੁਆਲੇ ਦੇ ਏਰੀਏ ਐਸਕੁਇਮਾਲਟ ਅਤੇ ਸੋਂਘੀਸ ਨੇਸ਼ਨਜ ਦੇ ਰਵਾਇਤੀ ਇਲਾਕਿਆਂ ’ਤੇ ਸਥਿਤ ਹਨ, ਜੋ ਇਸ ਏਰੀਏ ਵਿਚ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਹਨ। ਇਸ ਪ੍ਰਾਪਰਟੀ (ਜਾਇਦਾਦ) ਨਾਲ ਸੰਬੰਧਿਤ ਜ਼ਮੀਨ ਦੇ ਕਲੇਮਾਂ ਨੂੰ ਨਿਪਟਾਉਣ ਲਈ ਸਾਲ 2007 ਵਿਚ, ਐਸਕੁਇਮਾਲਟ ਅਤੇ ਸੋਂਘੀਸ ਨੇਸ਼ਨਜ ਅਤੇ ਕੈਨੇਡਾ ਅਤੇ ਬੀ.ਸੀ. ਦੀਆਂ ਸਰਕਾਰਾਂ ਵਿਚਕਾਰ ਇਕ ਐਗਰੀਮੈਂਟ ਹੋਇਆ ਸੀ।

## ਬਰਡਕੇਜਿਜ਼

ਇਹ ਪ੍ਰਾਪਰਟੀ 1859 ਤੋਂ ਲੈ ਕੇ ਸਰਕਾਰ ਦੇ ਸਥਾਨ ਵਜੋਂ ਕੰਮ ਕਰ ਰਹੀ ਹੈ ਜਦੋਂ ਵੈਨਕੂਵਰ ਆਈਲੈਂਡ ਦੀ ਬ੍ਰਿਟਿਸ਼ ਕਾਲੋਨੀ ਲਈ ਕਲੋਨੀਅਲ ਪ੍ਰਬੰਧਕੀ ਬਿਲਡਿੰਗਾਂ ਦੀ ਉਸਾਰੀ ਸ਼ੁਰੂ ਹੋਈ ਸੀ। ਉਨ੍ਹਾਂ ਨੂੰ ਜ਼ਿਆਦਾ “ਬਰਡਕੇਜਿਜ਼ (ਪੰਛੀਆਂ ਦੇ ਪਿੰਜਰਿਆਂ)” ਵਜੋਂ ਜਾਣਿਆ ਜਾਂਦਾ ਹੈ, ਜਿਹੜਾ ਨਾਂ ਉਨ੍ਹਾਂ ਨੂੰ ਉਨ੍ਹਾਂ ਦੀ ਭਵਨ-ਨਿਰਮਾਣ ਕਲਾ ਦੇ ਵਿਲੱਖਣ ਸਟਾਇਲ ਕਰਕੇ ਦਿੱਤਾ ਗਿਆ ਸੀ।

ਛੇ ਬਰਡਕੇਜ ਬਿਲਡਿੰਗਾਂ ਦੀ ਵਰਤੋਂ 1871 ਵਿਚ ਬੀ.ਸੀ. ਦੇ ਕੈਨੇਡਾ ਵਿਚ ਸ਼ਾਮਲ ਹੋਣ ਤੋਂ ਬਾਅਦ ਵੀ ਜਾਰੀ ਰਹੀ, ਪਰ ਇਹ ਛੇਤੀ ਹੀ ਵਧ ਰਹੇ ਸੂਬੇ ਲਈ ਬਹੁਤ ਛੋਟੀਆਂ ਹੋ ਗਈਆਂ। ਸਾਲ 1892 ਵਿਚ, ਨਵੀਂਆਂ ਪਾਰਲੀਮੈਂਟ ਬਿਲਡਿੰਗਾਂ ਲਈ ਡਿਜ਼ਾਈਨ ਦੀ ਚੋਣ ਕਰਨ ਲਈ ਭਵਨ-ਨਿਰਮਾਣ ਕਲਾ ਦਾ ਇਕ ਮੁਕਾਬਲਾ ਕਰਵਾਇਆ ਗਿਆ ਸੀ। ਡਰਾਇੰਗਾਂ ਦੇ ਦਰਜ ਕਰਵਾਏ ਗਏ 65 ਸੈੱਟਾਂ ਵਿੱਚੋਂ, 25 ਸਾਲ ਦੀ ਉਮਰ ਦੇ ਆਰਕੀਟੈਕਟ ਫਰਾਂਸਿਸ ਮਾਸਨ ਰੈਟਨਬਰੀ ਦੀਆਂ ਡਰਾਇੰਗਾਂ ਦੀ ਚੋਣ ਕੀਤੀ ਗਈ ਸੀ।

ਪਾਰਲੀਮੈਂਟ ਦੀਆਂ ਨਵੀਂਆਂ ਬਿਲਡਿੰਗਾਂ ਬਣਨ ਤੋਂ ਬਾਅਦ ਪੁਰਾਣੀਆਂ ਬਹੁਤੀਆਂ ਬਿਲਡਿੰਗਾਂ ਨੂੰ ਢਾਹ ਦਿੱਤਾ ਗਿਆ ਸੀ। ਬਚਦੀ ਇੱਕੋ ਇਕ ਬਿਲਡਿੰਗ ਨੂੰ ਪ੍ਰਾਪਰਟੀ ਦੇ ਪਿਛਲੇ ਪਾਸ ਮੂਵ ਕਰ ਦਿੱਤਾ ਗਿਆ ਸੀ ਅਤੇ ਇਸ ਨੂੰ 1957 ਵਿਚ ਅੱਗ ਲੱਗਣ ਨਾਲ ਸੜ ਜਾਣ ਤੱਕ ਵੱਖ ਵੱਖ ਕੰਮਾਂ ਲਈ ਵਰਤਿਆ ਗਿਆ ਜਿਸ ਵਿਚ ਮਿਨਰਲ ਮਿਊਜ਼ੀਅਮ ਵੀ ਸ਼ਾਮਲ ਸੀ।



ਤਸਵੀਰ A-00934 ਬੀ ਸੀ ਆਰਕਾਈਵਜ਼ ਦੇ ਧੰਨਵਾਦ ਸਹਿਤ।

# ਪਾਰਲੀਮੈਂਟ ਬਿਲਡਿੰਗਾਂ

ਪਾਰਲੀਮੈਂਟ ਬਿਲਡਿੰਗਾਂ ਫਰਾਂਸਿਸ ਰੈਟਨਬਰੀ ਲਈ ਪਹਿਲਾ ਵੱਡਾ ਕੰਮ ਸੀ, ਜਿਸ ਨੇ 1892 ਵਿਚ ਵੈਨਕੂਵਰ ਮੂਵ ਹੋਣ ਤੋਂ ਪਹਿਲਾਂ ਇੰਗਲੈਂਡ ਵਿਚ ਆਪਣੇ ਅੰਕਲ ਦੀ ਆਰਕੀਟੈਕਚਰਲ ਫਰਮ ਨਾਲ ਸਿਖਲਾਈ ਲਈ ਸੀ। ਉਸ ਨੇ ਬ੍ਰਿਟਿਸ਼ ਕੋਲੰਬੀਆ ਵਿਚ ਕਈ ਹੋਰ ਇਤਿਹਾਸਕ ਸਥਾਨਾਂ ਦੇ ਢਾਂਚੇ ਦਾ ਡਿਜ਼ਾਈਨ ਤਿਆਰ ਕੀਤਾ ਜਿਸ ਵਿਚ ਐਮਪਰੈਸ ਹੋਟਲ ਵੀ ਸ਼ਾਮਲ ਹੈ।

ਪਾਰਲੀਮੈਂਟ ਬਿਲਡਿੰਗਾਂ ਦੀ ਉਸਾਰੀ 1893 ਵਿਚ ਸ਼ੁਰੂ ਹੋਈ ਅਤੇ ਇਹ 1897 ਦੇ ਅੰਤ ਤੱਕ ਮੁਕੰਮਲ ਹੋ ਗਈ ਸੀ। ਉਨ੍ਹਾਂ ਨੂੰ ਰਸਮੀ ਤੌਰ ’ਤੇ 10 ਫਰਵਰੀ, 1898 ਨੂੰ ਖੋਲ੍ਹਿਆ ਗਿਆ ਸੀ। ਸਾਲ 1913 ਅਤੇ 1920 ਦੇ ਵਿਚਕਾਰ ਕਈ ਵੱਖ ਵੱਖ ਵਾਧੇ ਕੀਤੇ ਗਏ ਸਨ। ਉਸਾਰੀ ਦੀ ਕੁੱਲ ਲਾਗਤ 2 ਮਿਲੀਅਨ ਡਾਲਰ ਤੋਂ ਥੋੜ੍ਹੀ ਜਿਹੀ ਵਧ ਆਈ ਸੀ।

1970ਵਿਆ ਦੇ ਸ਼ੁਰੂ ਤੱਕ, ਪਾਰਲੀਮੈਂਟ ਬਿਲਡਿੰਗਾਂ ਦੀ ਹਾਲਤ ਕਾਫੀ ਖਰਾਬ ਹੋ ਗਈ ਸੀ ਅਤੇ ਇਨ੍ਹਾਂ ਨੂੰ ਮੁਰੰਮਤ ਦੀ ਲੋੜ ਸੀ। ਉਸ ਸਮੇਂ ਦੀ ਸਰਕਾਰ ਨੇ ਪਾਰਲੀਮੈਂਟ ਬਿਲਡਿੰਗਾਂ ਦੀ ਪੁਰਾਣੀ ਸ਼ਾਨ ਬਹਾਲ ਕਰਨ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਅਤੇ ਐੱਮ ਐੱਲ ਏਜ਼ ਦੀਆਂ ਲੋੜਾਂ ਦੇ ਬਿਹਤਰ ਅਨੁਕੂਲ ਬਣਾਉਣ ਲਈ ਨਵੀਨੀਕਰਨ ਦਾ ਇਕ ਦਹਾਕੇ ਦਾ ਪ੍ਰੋਜੈਕਟ ਸ਼ੁਰੂ ਕੀਤਾ।



ਤਸਵੀਰ M00098 ਵਿਕਟੋਰੀਆ ਸਿਟੀ ਦੇ ਆਰਕਾਈਵਜ਼ ਦੇ ਧੰਨਵਾਦ ਸਹਿਤ।



ਤਸਵੀਰ A-02774 ਬੀ ਸੀ ਆਰਕਾਈਵਜ਼ ਦੇ ਧੰਨਵਾਦ ਸਹਿਤ।

# ਸਵੈ-ਸੇਧ ਲਈ ਗਾਈਡ ਬੁੱਕ

## ਪੰਜਾਬੀ



ਕਿਰਪਾ ਕਰਕੇ ਇਨ੍ਹਾਂ ਲਈ ਵਿਧਾਨ ਸਭਾ ਦੀ ਵੈੱਬਸਾਈਟ ’ਤੇ ਜਾਉ:

ਐੱਮ ਐੱਲ ਏਜ਼ ਦੇ ਰੋਲ ਬਾਰੇ ਜ਼ਿਆਦਾ ਜਾਣਨ ਲਈ।

ਆਪਣੇ ਐੱਮ ਐੱਲ ਏ ਦੀ ਜੀਵਨੀ ਅਤੇ ਸੰਪਰਕ ਕਰਨ ਬਾਰੇ ਜਾਣਕਾਰੀ ਲੱਭਣ ਲਈ।

ਬਹਿਸ ਦੀਆਂ ਵੀਡਿਓਜ਼ ਦੇਖਣ ਜਾਂ ਲਿਖਤਾਂ ਪੜ੍ਹਨ ਲਈ।

ਇਹ ਦੇਖਣ ਲਈ ਕਿ ਕਿਹੜੇ ਬਿੱਲ ਵਿਧਾਨ ਸਭਾ ਵਿਚ ਪੇਸ਼ ਕੀਤੇ ਗਏ ਹਨ।

ਪਾਰਲੀਮੈਂਟਰੀ ਕੈਲੰਡਰ ਦੇਖਣ ਲਈ।

**leg.bc.ca**